Australian Government
Department of Home Affairs

# ਸੁਰੱਖਿਆ ਵੀਜ਼ਾ (ਪ੍ਰੋਟੈਕਸ਼ਨ ਵੀਜ਼ਾ) ਬਾਰੇ ਅਹਿਮ ਜਾਣਕਾਰੀ

ਇਹ ਜਾਣਕਾਰੀ ਹੋਰ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ। Australia's protection obligations (homeaffairs.gov.au) ਦੇਖੋ।

## ਸੁਰੱਖਿਆ ਵੀਜ਼ੇ

ਸੁਰੱਖਿਆ ਵੀਜ਼ਾ ਉਹਨਾਂ ਲੋਕਾਂ (ਜਾਂ ਉਹਨਾਂ ਦੇ ਪਰਿਵਾਰਕ ਮੈਂਬਰਾਂ) ਲਈ ਹੁੰਦੇ ਹਨ ਜਿਨ੍ਹਾਂ ਨੂੰ ਹੇਠ ਲਿਖੀਆਂ ਗੱਲਾਂ ਦੇ ਆਧਾਰ 'ਤੇ ਆਪਣੇ ਦੇਸ਼ ਪਰਤਣ 'ਤੇ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਏ ਜਾਣ ਜਾਂ ਜ਼ੁਲਮ ਕੀਤੇ ਜਾਣ ਦਾ ਅਸਲੀ ਡਰ ਹੁੰਦਾ ਹੈ:

- ਜਾਤ
- ਧਰਮ
- ਨਾਗਰਿਕਤਾ
- ਕਿਸੇ ਖ਼ਾਸ ਸਮਾਜਿਕ ਗਰੁੱਪ ਦੀ ਮੈਂਬਰਸ਼ਿਪ ਜਾਂ
- ਰਾਜਨੀਤਿਕ ਵਿਚਾਰ।

ਜਦੋਂ ਤੁਸੀਂ ਸੁਰੱਖਿਆ ਵੀਜ਼ੇ ਲਈ ਅਰਜ਼ੀ ਦਿੰਦੇ ਹੋ, ਤਾਂ ਤੁਸੀਂ ਆਪਣੇ ਮੂਲ ਦੇਸ਼ ਤੋਂ ਆਸਟ੍ਰੇਲੀਆ ਵਿੱਚ ਸ਼ਰਣ ਮੰਗ ਰਹੇ ਹੁੰਦੇ ਹੋ।

ਸੁਰੱਖਿਆ ਵੀਜ਼ਾ ਉਹਨਾਂ ਲੋਕਾਂ ਲਈ ਨਹੀਂ ਹੈ ਜੋ ਸਿਰਫ਼ ਕੰਮ ਕਰਨ ਲਈ ਆਸਟ੍ਰੇਲੀਆ ਵਿੱਚ ਲੰਬੇ ਸਮੇਂ ਤੱਕ ਰਹਿਣਾ ਚਾਹੁੰਦੇ ਹਨ।

ਜੇਕਰ ਤੁਸੀਂ ਸੁਰੱਖਿਆ ਵੀਜ਼ਾ ਲਈ ਅਰਜ਼ੀ ਦਿੰਦੇ ਹੋ, ਤਾਂ ਤੁਸੀਂ ਘੋਸ਼ਣਾ ਕਰ ਰਹੇ ਹੁੰਦੇ ਹੋ ਕਿ ਹੇਠਾਂ ਦਿੱਤੇ ਵਿੱਚੋਂ ਇੱਕ ਜਾਂ ਦੋਵੇਂ ਗੱਲਾਂ ਸੱਚ ਹਨ:

- ਤੁਸੀਂ ਬਹੁਤ ਜ਼ਿਆਦਾ ਨੁਕਸਾਨ ਪਹੁੰਚੇ ਜਾਂ ਜ਼ੁਲਮ ਕੀਤੇ ਜਾਣ ਦੇ ਅਸਲੀ ਜ਼ੋਖਮ ਦਾ ਸਾਹਮਣਾ ਕੀਤੇ ਬਿਨਾਂ ਘਰ ਵਾਪਸ ਨਹੀਂ ਜਾ ਸਕਦੇ ਹੋ।
- ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਪਰਿਵਾਰਕ ਮੈਂਬਰ ਹੋ ਜਿਸਨੇ ਅਜਿਹੇ ਦਾਅਵੇ ਕੀਤੇ ਹਨ।

ਤੁਹਾਨੂੰ ਸੁਰੱਖਿਆ ਵੀਜ਼ਾ ਨਹੀਂ ਦਿੱਤਾ ਜਾਵੇਗਾ ਜੇਕਰ ਤੁਸੀਂ ਕਾਨੂੰਨੀ ਤੌਰ 'ਤੇ ਕਿਸੇ ਹੋਰ ਦੇਸ਼ (ਤੁਹਾਡੇ ਮੂਲ ਦੇਸ਼ ਤੋਂ ਇਲਾਵਾ) ਵਿੱਚ ਦਾਖ਼ਲ ਹੋ ਸਕਦੇ ਹੋ ਅਤੇ ਸੁਰੱਖਿਅਤ ਢੰਗ ਨਾਲ ਰਹਿ ਸਕਦੇ ਹੋ, ਜਿੱਥੇ ਤੁਹਾਨੂੰ ਗੰਭੀਰ ਨੁਕਸਾਨ ਜਾਂ ਅਤਿਆਚਾਰ ਸਹਿਣ ਕਰਨ ਦੀ ਅਸਲ ਸੰਭਾਵਨਾ ਦਾ ਸਾਹਮਣਾ ਨਹੀਂ ਕਰਨਾ ਪਵੇਗਾ, ਅਤੇ ਉਹ ਦੇਸ਼ ਤੁਹਾਨੂੰ ਕਿਸੇ ਹੋਰ ਦੇਸ਼ ਵਾਪਸ ਨਹੀਂ ਭੇਜੇਗਾ ਜਿੱਥੇ ਤੁਹਾਨੂੰ ਅਜਿਹੇ ਖ਼ਤਰੇ ਦਾ ਸਾਹਮਣਾ ਕਰਨਾ ਪਵੇ। ਤੁਸੀਂ ਸਿਰਫ਼ ਉਸੇ ਸੂਰਤ ਵਿੱਚ ਸੁਰੱਖਿਆ ਵੀਜ਼ੇ ਲਈ ਅਰਜ਼ੀ ਦਿਓ ਜੇਕਰ ਤੁਹਾਨੂੰ **ਸੱਚਮੁੱਚ ਆਸਟ੍ਰੇਲੀਆ ਵਿੱਚ ਸ਼ਰਣ ਦੀ ਲੋੜ** ਹੈ।

ਤੁਹਾਡੇ ਲਈ ਅਤੇ ਤੁਹਾਡੇ ਹਾਲਾਤਾਂ ਵਾਸਤੇ ਹੋਰ ਵਧੇਰੇ ਢੁੱਕਵੇਂ ਵੀਜ਼ੇ ਵੀ ਹੋ ਸਕਦੇ ਹਨ। ਹੋਰ ਵੀਜ਼ਿਆਂ ਬਾਰੇ ਇੱਥੇ ਪਤਾ ਕਰੋ Explore visa options (homeaffairs.gov.au)

# ਜੇ ਤੁਹਾਡੀ ਸੁਰੱਖਿਆ ਵੀਜ਼ਾ ਅਰਜ਼ੀ ਰੱਦ ਕਰ ਦਿੱਤੀ ਜਾਂਦੀ ਹੈ ਤਾਂ ਕੀ ਹੁੰਦਾ ਹੈ?

ਜੇਕਰ ਤੁਹਾਨੂੰ ਸੁਰੱਖਿਆ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਤਾਂ ਤੁਸੀਂ ਜ਼ਿਆਦਾਤਰ ਹੋਰ ਵੀਜ਼ਿਆਂ ਲਈ ਅਰਜ਼ੀ ਨਹੀਂ ਦੇ ਸਕਦੇ ਹੋ ਅਤੇ ਜੇਕਰ ਤੁਹਾਡੇ ਕੋਲ ਵੈਧ ਵੀਜ਼ਾ ਨਹੀਂ ਹੈ ਤਾਂ ਤੁਹਾਨੂੰ ਆਸਟ੍ਰੇਲੀਆ ਛੱਡਣਾ ਪਵੇਗਾ। ਜੇਕਰ ਤੁਹਾਡੇ ਕੋਲ ਕੋਈ ਜਾਇਜ਼ ਵੀਜ਼ਾ ਨਹੀਂ ਹੈ, ਤਾਂ ਤੁਹਾਨੂੰ ਹਿਰਾਸਤ ਵਿੱਚ ਲਿਆ ਜਾ ਸਕਦਾ ਹੈ ਅਤੇ ਆਸਟ੍ਰੇਲੀਆ ਵਿੱਚੋਂ ਕੱਢਿਆ ਜਾ ਸਕਦਾ ਹੈ।

ਜੇਕਰ ਤੁਹਾਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਅਤੇ ਆਸਟ੍ਰੇਲੀਆ ਤੋਂ ਕੱਢਿਆ ਜਾਂਦਾ ਹੈ, ਤਾਂ ਤੁਹਾਨੂੰ ਆਸਟ੍ਰੇਲੀਆ ਤੋਂ ਕੱਢਣ ਦੇ ਖ਼ਰਚੇ ਵਾਪਸ ਕਰਨੇ ਪੈ ਸਕਦੇ ਹਨ। ਇਹ ਹਜ਼ਾਰਾਂ ਡਾਲਰ ਵੀ ਹੋ ਸਕਦੇ ਹਨ।

ਰੱਦ ਕੀਤੀ ਗਈ ਸੁਰੱਖਿਆ ਵੀਜ਼ੇ ਦੀ ਅਰਜ਼ੀ ਤੁਹਾਡੀ ਫ਼ਾਈਲ (ਇਮੀਗ੍ਰੇਸ਼ਨ ਰਿਕਾਰਡ) ਵਿੱਚ ਜ਼ਿੰਦਗੀ ਭਰ ਲਈ ਰਹੇਗੀ। ਇਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਭਵਿੱਖ ਵਿੱਚ ਆਸਟ੍ਰੇਲੀਆ ਦਾ ਦੌਰਾ ਕਰਨਾ ਵੀ ਔਖਾ ਬਣਾ ਸਕਦਾ ਹੈ। ਇੱਕ ਇਨਕਾਰ ਕੀਤਾ ਗਿਆ ਸੁਰੱਖਿਆ ਵੀਜ਼ਾ ਤੁਹਾਡੀਆਂ ਆਸਟ੍ਰੇਲੀਆ ਤੋਂ ਬਾਹਰ ਹੋਰ ਦੇਸ਼ਾਂ ਲਈ ਭਵਿੱਖੀ ਵੀਜ਼ਾ ਅਰਜ਼ੀਆਂ 'ਤੇ ਅਸਰ ਪਾ ਸਕਦਾ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਕਿਸਮ ਦੇ ਵੀਜ਼ਾ ਲਈ ਅਰਜ਼ੀ ਦਿੰਦੇ ਹੋ।

# ਸੁਰੱਖਿਆ ਦਾ ਦਾਅਵਾ ਕਰਦੇ ਸਮੇਂ ਤੁਹਾਡੀਆਂ ਜ਼ਿੰਮੇਵਾਰੀਆਂ

ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਗ੍ਰਹਿ ਮਾਮਲਿਆਂ ਦੇ ਵਿਭਾਗ ਦੁਆਰਾ ਕੋਈ ਫ਼ੈਸਲਾ ਲਏ ਜਾਣ ਲੈਣ ਤੋਂ ਪਹਿਲਾਂ ਸੁਰੱਖਿਆ ਅਤੇ ਸਹਾਇਕ ਸਬੂਤਾਂ ਲਈ ਆਪਣੇ ਦਾਅਵੇ ਦੇ ਵੇਰਵੇ ਪ੍ਰਦਾਨ ਕਰੋ।

ਤੁਹਾਨੂੰ ਸਪੱਸ਼ਟ ਤੌਰ 'ਤੇ ਇਹ ਲਾਜ਼ਮੀ ਦੱਸਣਾ ਚਾਹੀਦਾ ਹੈ ਕਿ ਤੁਹਾਨੂੰ ਆਸਟ੍ਰੇਲੀਆ ਵਿੱਚ ਸੁਰੱਖਿਆ ਦੀ ਲੋੜ ਕਿਉਂ ਹੈ ਅਤੇ ਜਿੰਨੀ ਜਲਦੀ ਹੋ ਸਕੇ ਵਿਭਾਗ ਨੂੰ ਪੂਰੀ ਅਤੇ ਸਹੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ।

ਜਦੋਂ ਤੁਸੀਂ ਸੁਰੱਖਿਆ ਵੀਜ਼ੇ ਲਈ ਅਰਜ਼ੀ ਦਿੰਦੇ ਹੋ, ਤਾਂ ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਸਾਰੀ ਜਾਣਕਾਰੀ ਸੱਚੀ ਅਤੇ ਸਹੀ ਹੈ, ਭਾਵੇਂ ਕਿ ਕੋਈ ਹੋਰ ਵਿਅਕਤੀ ਤੁਹਾਡੇ ਲਈ ਅਰਜ਼ੀ ਭਰਦਾ ਅਤੇ ਜਮ੍ਹਾਂ ਕਰਦਾ ਹੈ।

ਤੁਹਾਨੂੰ ਇਹ ਸਮਝੇ ਬਗ਼ੈਰ ਕਿਸੇ ਨੂੰ ਵੀ ਤੁਹਾਡੇ ਲਈ ਸੁਰੱਖਿਆ ਵੀਜ਼ੇ ਲਈ ਅਰਜ਼ੀ ਦੇਣ ਦੀ ਆਗਿਆ ਨਹੀਂ ਦੇਣੀ ਚਾਹੀਦੀ ਹੈ ਕਿ ਤੁਸੀਂ ਕਿਸ ਚੀਜ਼ ਲਈ ਅਰਜ਼ੀ ਦੇ ਰਹੇ ਹੋ ਅਤੇ ਅਰਜ਼ੀ ਵਿੱਚ ਕਿਹੜੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਤੁਸੀਂ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋ ਕਿ ਤੁਸੀਂ ਵੀਜ਼ੇ ਦੀ ਸਹੀ ਕਿਸਮ ਲਈ ਅਰਜ਼ੀ ਦਿੰਦੇ ਹੋ ਅਤੇ ਆਪਣੀਆਂ ਵੀਜ਼ੇ ਦੀਆਂ ਸ਼ਰਤਾਂ ਦੀ ਪਾਲਣਾ ਕਰਦੇ ਹੋ, ਭਾਵੇਂ ਕਿ ਤੁਸੀਂ ਆਸਟ੍ਰੇਲੀਆ ਦੇ ਕਿਸੇ ਰਜਿਸਟਰਡ ਮਾਈਗ੍ਰੇਸ਼ਨ ਏਜੰਟ ਜਾਂ ਆਸਟ੍ਰੇਲੀਆਈ ਕਾਨੂੰਨੀ ਪੇਸ਼ੇਵਰ ਦੀ ਵਰਤੋਂ ਕਰਦੇ ਹੋ।

ਰਜਿਸਟਰਡ ਮਾਈਗ੍ਰੇਸ਼ਨ ਏਜੰਟਾਂ ਨੂੰ ਗ੍ਰਹਿ ਮਾਮਲਿਆਂ (Department of Home Affairs) ਦੇ ਵਿਭਾਗ ਦੀ ਵੈੱਬਸਾਈਟ 'ਤੇ ਸੂਚੀਬੱਧ ਕੀਤਾ ਗਿਆ ਹੈ। steps to choose a migration agent (mara.gov.au) ਇਹਨਾਂ ਕਦਮਾਂ ਦੀ ਪਾਲਣਾ ਕਰੋ।

# ਝੂਠੇ ਦਾਅਵਿਆਂ ਲਈ ਜੁਰਮਾਨੇ

ਸੁਰੱਖਿਆ ਵੀਜ਼ੇ ਲਈ ਅਰਜ਼ੀ ਦਿੰਦੇ ਸਮੇਂ ਅਰਜ਼ੀ ਦੇਣ ਵਾਲਿਆਂ ਨੂੰ ਐਲਾਨਨਾਮੇ ਉਪਰ ਲਾਜ਼ਮੀ ਦਸਤਖ਼ਤ ਕਰਨੇ ਚਾਹੀਦੇ ਹਨ।

ਆਸਟ੍ਰੇਲੀਆ ਵਿੱਚ ਗਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣਾ ਗੰਭੀਰ ਅਪਰਾਧ ਹੈ ਅਤੇ ਤੁਹਾਨੂੰ ਅਪਰਾਧਿਕ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਵੀਜ਼ੇ ਵਾਲੀ ਅਰਜ਼ੀ ਵਿੱਚ ਗ਼ਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰਨ ਵਾਲੇ ਵਿਅਕਤੀ ਨੂੰ ਭਾਰੀ ਵਿੱਤੀ ਜੁਰਮਾਨੇ, 10 ਸਾਲ ਦੀ ਜੇਲ੍ਹ ਜਾਂ ਦੋਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਜੇਕਰ ਵੀਜ਼ਾ ਜਾਰੀ ਹੋਣ ਤੋਂ ਬਾਅਦ ਇਹ ਪਤਾ ਲੱਗਦਾ ਹੈ ਕਿ ਤੁਸੀਂ ਗ਼ਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦਿੱਤੀ ਹੈ, ਤਾਂ ਤੁਹਾਡੀ ਸੁਰੱਖਿਆ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।

# ਮੁਫ਼ਤ ਕਾਨੂੰਨੀ ਸਲਾਹ ਉਪਲਬਧ ਹੈ

ਸੁਰੱਖਿਆ ਵੀਜ਼ਾ ਲਈ ਅਰਜ਼ੀ ਦੇਣ ਤੋਂ ਪਹਿਲਾਂ, ਤੁਹਾਨੂੰ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ ਕਿਸੇ ਮਾਹਰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਪ੍ਰਦਾਤਾ ਤੋਂ free legal advice ਲੈਣ ਲਈ ਜ਼ੋਰਦਾਰ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਹ ਸੇਵਾ ਪ੍ਰਦਾਤੇ ਤੁਹਾਡੀ ਇਨ੍ਹਾਂ ਵਿੱਚ ਮੱਦਦ ਕਰ ਸਕਦੇ ਹਨ:

- ਇਹ ਪਤਾ ਲਗਾਉਣ ਲਈ ਕਿ ਕੀ ਤੁਸੀਂ ਸੁਰੱਖਿਆ ਵੀਜ਼ੇ ਲਈ ਯੋਗ ਹੋ ਜਾਂ ਕੋਈ ਹੋਰ ਵੀਜ਼ਾ ਵਧੇਰੇ ਢੁੱਕਵਾਂ ਹੈ
- ਇਸ ਅਰਜ਼ੀ ਦੀ ਪ੍ਰਕਿਰਿਆ ਨੂੰ ਸਮਝਣ ਵਿੱਚ
- ਸੁਰੱਖਿਆ ਵੀਜ਼ਾ ਰੱਦ ਹੋਣ ਦੇ ਨਤੀਜਿਆਂ ਨੂੰ ਸਮਝਣ ਵਿੱਚ
- ਜੇਕਰ ਲੋੜ ਹੋਵੇ ਤਾਂ ਸੁਰੱਖਿਆ ਵੀਜ਼ਾ ਦੀ ਅਰਜ਼ੀ ਨੂੰ ਭਰਨ ਅਤੇ ਦਰਜ ਕਰਨ ਵਿੱਚ।

ਤੁਸੀਂ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿਚਲੇ ਲੀਗਲ ਏਡ ਜਾਂ ਕਮਿਊਨਿਟੀ ਲੀਗਲ ਸੈਂਟਰ ਤੋਂ ਮੁਫ਼ਤ ਕਾਨੂੰਨੀ ਸਲਾਹ ਵੀ ਲੈ ਸਕਦੇ ਹੋ।